# ਕੀ ਭੁੱਲਾਂ ਨੂੰ ਸੁਧਾਰਨਾ ਅਵੱਗਿਆ ਹੈ?

ਸਰਵਜੀਤ ਸਿੰਘ ਸੈਕਰਾਮੈਂਟੋ

ਅਮਰੀਕਾ

ਲੰਮੇ ਅਵੇਸਲੇਪਣ ਕਾਰਨ ਸਾਡੀਆਂ ਕਈ ਸਮੱਸਿਆਵਾਂ ਏਨੀਆਂ ਗੁੰਝਲਦਾਰ ਹੋ ਗਈਆਂ ਹਨ ਕਿ ਇਨ੍ਹਾਂ ਦਾ ਹੱਲ ਕਰਨਾ ਤਾਂ ਇੱਕ ਪਾਸੇ, ਅੱਜ ਇਨ੍ਹਾਂ ਬਾਰੇ ਸੋਚਣਾ ਵੀ ਗੁਨਾਹ ਬਣ ਗਿਆ ਹੈ। ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਸੰਸਥਾ, ਆਪਣੇ ਅਸਲੀ ਮਕਸਦ ਤੋਂ ਅੱਜ ਏਨੀ ਭਟਕ ਚੁੱਕੀ ਹੈ ਕਿ ਉਸ ਤੋਂ ਕੋਈ ਆਸ ਰੱਖਣੀ ਹੀ ਵਿਅਰਥ ਹੈ। ਉਥੇ ਤਾਂ ਬੜਾ ਅਨੋਖਾ ਵਰਤਾਰਾ ਵੇਖਣ ਨੂੰ ਮਿਲਦਾ ਹੈ। ਦੋ ਦਿਨ ਦੀ ਲਾਲਾ-ਲਾਲਾ! ਕੜੀ ਨਿੰਦਾ ਦੇ ਮਤੇ ਪਾਸ, ਸਬ-ਕਮੇਟੀ ਅਤੇ ਅਖੀਰ ਸਭ-ਕੰਮ ਮਿੱਟੀ ਦਾ ਮਿੱਟੀ। ਇਕ-ਅੱਧਾ ਲੇਖ ਲਿਖਣ ਜਾਂ ਨਿਜੀ ਪੱਧਰ ਦੀ ਕਾਰਵਾਈ ਵੀ ਕੋਈ ਅਰਥ ਨਹੀਂ ਰੱਖਦੀ। ਇਹ ਤਾਂ ਇੱਕ ਸਮਾਂ-ਬੱਧ ਯੋਜਨਾ ਬਣਾ ਕੇ, ਲਹਿਰ ਚਲਾਉਣ ਨਾਲ ਹੀ ਕਿਸੇ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ। ਇਸ ਲਈ ਸਿੱਖ ਸੰਗਤ ਵਿੱਚ ਜਾਗ੍ਰਤੀ ਲਿਆਉਣੀ ਅਤਿਅੰਤ ਹੀ ਜ਼ਰੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਵਾਲੇ ਸਾਰੇ ਸੱਜਣ ਭਲੀ ਭਾਂਤ ਜਾਣਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿੱਚ ਅਤੇ ਜਦੋਂ ਵੀ ਨਵਾਂ ਰਾਗ ਅਰੰਭ ਹੁੰਦਾ ਹੈ ਉਥੇ ਅਤੇ ਉਸੇ ਰਾਗ ਵਿੱਚ ਜਦੋਂ ਮਹਲਾ ਬਦਲਦਾ ਹੈ ਤਾਂ ਉਥੇ ਸੰਪੂਰਨ ਜਾਂ ਸੰਖੇਪ ਮੰਗਲ (ਮੰਗਲਾਚਰਨ, ਮੰਗਲਾਚਾਰ) ਲਿਖੇ ਹੋਏ ਮਿਲਦੇ ਹਨ। ਜੋ ਗੁਰਮਤ ਮਾਰਤੰਡ (ਭਾਗ ਦੂਜਾ-ਪੰਨਾ 594) ਵਿੱਚ ਹੇਠ ਲਿਖੇ ਅਨੁਸਾਰ ਦਰਜ ਹਨ।

(1) ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥


(2) ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

(3) ੴ ਸਤਿ ਨਾਮੁ ਗੁਰ ਪ੍ਰਸਾਦਿ॥


(4) ੴ ਸਤਿਗੁਰ ਪ੍ਰਸਾਦਿ॥

(5) ੴ

ਇਸ ਤੋਂ ਪਹਿਲਾਂ ਕਿ ਵਿਚਾਰ ਨੂੰ ਅੱਗੇ ਤੋਰਿਆ ਜਾਵੇ ਇਥੇ ਇਹ ਜਾਣਕਾਰੀ ਸਾਂਝੀ ਕਰਨੀ ਵੀ ਜ਼ਰੂਰੀ ਹੈ ਕਿ (5) '੧ਓਂ' ਜਿਸ ਦਾ ਜਿਕਰ ਗੁਰਮਤ ਮਾਰਤੰਡ ਵਿੱਚ ਆਇਆ ਹੈ ਇਹ ਛਾਪੇ ਦੀ ਬੀੜ ਵਿੱਚ ਨਹੀਂ ਹੈ। 'ਕਰਤਾਰਪੁਰੀ ਬੀੜ' ਦੇ ਪੰਨਾ ੪੯੭/੨ ਦੇ ਹਵਾਲੇ ਨਾਲ 'ਕਰਤਾਰਪੁਰੀ ਬੀੜ ਦੇ ਦਰਸ਼ਨ' (ਪੰਨਾ 83) ਵਿੱਚ ਇੱਕ ਨੋਟ ਹੈ, "ਇਸ ਸਫ਼ੇ ਪਰ ਅੱਠਵੇਂ ਸ਼ਬਦ ਤੋਂ ਬਾਦ "ਅਉਧੂ ਸੋ ਜੋਗੀ ਗੁਰੁ ਮੇਰਾ॥ ਇਸ ਪਦ ਕਾ ਕਰੇ ਨਿਬੇਰਾ।।੧।।ਰਹਾਉ"।। ਲਿਖ ਕੇ ਕੱਟਿਆ ਹੋਇਆ ਹੈ ਤੇ ਅੱਗੇ ਸਾਢੇ ਛੇ ਸਤਰਾਂ ਦੀ ਥਾਂ ਖਾਲੀ ਹੈ। ਅਗੇ ੧ਓਂ ਹੈ"। ਯਾਦ ਰਹੇ "ਅਉਧੂ ਸੋ ਜੋਗੀ ਗੁਰੁ ਮੇਰਾ॥ ਇਸ ਪਦ ਕਾ ਕਰੇ ਨਿਬੇਰਾ" ਗੁਰਬਾਣੀ ਨਹੀਂ ਹੈ। ਇਕ ਹੋਰ ਹੱਥ ਲਿਖਤ ਵਿੱਚ ਸਲੋਕ ਸਹਸਕ੍ਰਿਤੀ ਮਹਲਾ ੧ ਦੇ ਪਹਿਲੇ ਸਲੋਕ ਤੋਂ ਪਿਛੋਂ "੧ਓਂ" ਦਰਜ ਹੈ। ਜੋ ਅੱਜ ਛਾਪੇ ਦੀਆਂ ਬੀੜਾਂ ਵਿੱਚ ਨਹੀਂ ਹੈ। ਸ਼ਾਇਦ ਕਿਸੇ ਅਜੇਹੀ ਹੱਥ ਲਿਖਤ ਬੀੜ ਤੋਂ ਹੀ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ੧ਓਂ ਨੋਟ ਕੀਤਾ ਹੋਵੇ।


ੴ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ
ਸਲੋਕਸਹਸਕ੍ਰਿਤੀਮਹਲਾ ੧


(4) ੧ਓਂ ਸਤਿਗੁਰ ਪ੍ਰਸਾਦਿ॥ ਜੋ ਸਭ ਤੋਂ ਵੱਧ (522) ਵਾਰ ਆਇਆ ਹੈ, ਇਸ ਦੇ ਸ਼ਬਦ ਜੋੜ ਵੱਲ ਵੀ ਧਿਆਨ ਦੇਣ ਦੀ ਲੋੜ ਹੈ। 'ਗੁਰ' ਦਾ ਸੰਬੰਧ ਪ੍ਰਸਾਦਿ ਨਾਲ ਹੈ ਨਾਂ ਕਿ ਸਤਿ ਨਾਲ। ੧ਓਂ ਸਤਿ ਗੁਰ ਪ੍ਰਸਾਦਿ॥ ਇਹ ਉਪਰ ਨੰ: 1, 2 ਅਤੇ 3 ਤੋਂ ਵੀ ਸਪੱਸ਼ਟ ਹੈ। ਪ੍ਰਾਚੀਨ ਹੱਥ ਲਿਖਤਾਂ ਵਿੱਚ ਮੰਗਲ ਨੂੰ ਪੱਤਰੇ ਦੇ ਅੱਧ ਤੋਂ ਸੱਜੇ ਪਾਸੇ ਲਿਖਿਆ ਜਾਂਦਾ ਸੀ ਅਤੇ ਰਾਗਾਂ ਦੇ ਸਿਰਲੇਖ ਖੱਬੇ ਪਾਸੇ। ਭਾਵ ਸੱਜੇ ਪਾਸੇ ਨੂੰ ਸ੍ਰੇਸ਼ਟ ਸਮਝਦੇ ਹੋਏ ਮੰਗਲ ਪਹਿਲਾਂ ਲਿਖੇ ਜਾਣ ਦੀ ਮਰਿਯਾਦਾ ਸੀ ।


ਰਾਗੁਸੋਰਠਿਮਹਲਾ੧ ੧ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਘਰੁ੧ ਚਉਪਦੇ॥ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਸਭਨਾਮਰਣਾਆਇਆਵੇਛੋੜਾਸਭਨਾਹ॥ਪੁਛਹੁਜਾਇਸਿਆਣਿਆਆਗੈ

ਹੁਣ ਜੇ ਉਪ੍ਰੋਕਤ ਸ਼ਬਦ ਨੂੰ ਲਿਖਣ ਸ਼ੈਲੀ ਅਨੁਸਾਰ ਪੜਿਆ ਜਾਵੇ ਤਾਂ ਇਹ ਹੇਠ ਲਿਖੇ ਅਨੁਸਾਰ ਹੋਵੇਗਾ।

੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਰਾਗੁ ਸੋਰਠਿ ਮਹਲਾ ੧ ਘਰੁ ੧ ਚਉਪਦੇ॥ ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥ ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ॥


ਰਾਗੁਰਾਮਕਲੀਮਹਲਾ੧ ੧ੴਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਚਉਪਦੇ॥ ਘਰੁ ੧ ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥
ਕੋਈਪੜਤਾਸਹਸਾਕਿਰਤਾਕੋਈਪੜੈਪੁਰਾਨਾ॥ਕੋਈਨਾਮੁਜਪੈਜਪਮਾ

ਇੱਕ ਹੋਰ ਉਦਾਹਰਣ: ਕੀ ਅਸੀਂ ਉਪ੍ਰੋਕਤ ਲਿਖਤ ਨੂੰ ਜਿਵੇਂ ਇਹ ਦਿਖਾਈ ਦੇ ਰਹੀ ਹੈ ਉਵੇਂ ਹੀ ਪੜ੍ਹ ਸਕਦੇ ਹਾਂ?


**ਰਾਗੁ ਰਾਮਕਲੀ ਮਹਲਾ ੧ ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**

**ਚਉਪਦੇ॥ ਘਰ ੧ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਇਥੇ ਇਹ ਵੀ ਸਪੱਸ਼ਟ ਹੈ ਕੇ ਜਦੋਂ ਮੰਗਲ ਪੂਰਾ ਲਿਖਿਆ ਗਿਆ ਹੈ ਉਥੇ ਪਹਿਲੀ ਪੰਗਤੀ ਦਾ ਬਚਿਆ ਹਿੱਸਾ ਦੂਜੀ ਪੰਗਤੀ ਵਿੱਚ ਲਿਖਿਆ ਗਿਆ ਹੈ। ਪਰ ਛਾਪੇ ਦੀ ਬੀੜ ਵਿੱਚ ਇਹ ਇਸ ਤਰ੍ਹਾਂ ਨਹੀ ਸਗੋਂ ਵੱਖਰੀ ਤਰ੍ਹਾਂ ਲਿਖਿਆ ਗਿਆ। (ਪੰਨਾ 876)

ਰਾਮਕਲੀ ਮਹਲਾ ੧ ਘਰੁ ੧ ਚਉਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥



ਹੱਥ ਲਿਖਤ ਦੇ ਅਰੰਭ ਵਿੱਚ ਦਰਜ ਮੰਗਲ ਤੋਂ ਵੀ ਉਪ੍ਰੋਕਤ ਦਲੀਲ ਦੀ ਪੁਸ਼ਟੀ ਹੁੰਦੀ ਹੈ ਕਿ ਮੰਗਲ ਨੂੰ ਉੱਤਮ ਜਾਣ ਕੇ ਪਹਿਲ ਦਿੱਤੀ ਗਈ ਹੈ। ਫਿਰ ਬਾਣੀ ਦਾ ਨਾਮ 'ਜਪੁ' ਲਿਖਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿੱਚ ਵੀ ਇਵੇਂ ਹੀ ਦਰਜ ਕੀਤਾ ਗਿਆ ਹੈ।

**"ਜਦ ਪਾਵਨ ਬੀੜਾਂ ਦਾ ਕਾਰਜ ਸੂਝਵਾਨ ਪ੍ਰੇਮੀਆਂ ਦੀ ਥਾਂ, ਕਿੱਤਾ-ਕਾਰਾਂ (Professional) ਲਿਖਾਰੀਆਂ ਦੇ ਹੱਥ ਆ ਗਿਆ ਤਾਂ ਉਨ੍ਹਾਂ ਨੇ ਸਿਰਲੇਖਾਂ ਤੇ ਰਾਗਾਂ ਦੀ, ਸੱਜੇ ਖੱਬੇ ਦੀ ਸਹੀ ਤਰਤੀਬ ਤੇ ਸ਼ੈਲੀ ਨੂੰ, ਬਿਨਾਂ ਸਮਝੇ, ਉਘੱੜ-ਦੁੱਘੜ ਕਰ ਦਿੱਤਾ ਅਤੇ ਬਹੁਤੇ ਥਾਈਂ ਸਿਰਲੇਖ ਨੂੰ, ਮੰਗਲ ਨਾਲੋਂ, ਸਪਸ਼ਟ ਉੱਪਰ ਪਹਿਲ ਦੇ ਦਿੱਤੀ"। (ਬਿਬੇਕ ਬੁੱਧਿ - ਪੰਨਾ 28)**

ਇਸ ਨੂੰ ਸਮਝਣ ਲਈ ਹੇਠ ਲਿਖੀਆਂ ਹੋਰ ਉਦਾਹਰਣਾਂ ਬਹੁਤ ਹੀ ਢੁੱਕਵੀਂਆਂ ਹਨ।

**ਸੋ ਦਰੁ ਰਾਗੁ ਆਸਾ ਮਹਲਾ ੧ ੴ ਸਤਿਗੁਰ ਪ੍ਰਸਾਦਿ ॥ ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ (ਪੰਨਾ 9)**

**ਰਾਗੁ ਆਸਾ ਮਹਲਾ ੪ ਸੋ ਪੁਰਖੁ ੴ ਸਤਿਗੁਰ ਪ੍ਰਸਾਦਿ ॥ ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ (ਪੰਨਾ 10)**

ਰੋਜ਼ਾਨਾ ਸ਼ਾਮ ਨੂੰ ਪੜ੍ਹੀ ਜਾਣ ਵਾਲੀ ਬਾਣੀ ਨੂੰ ਧਿਆਨ ਨਾਲ ਵੇਖੋ। **"ਸੋ ਦਰੁ ਰਾਗੁ ਆਸਾ ਮਹਲਾ ੧" ਅਤੇ "ਰਾਗੁ ਆਸਾ ਮਹਲਾ ੪ ਸੋ ਪੁਰਖੁ" ।**

ਜਿਉਂ-ਜਿਉਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਜਾਵਾਂਗੇ, ਤਿਉਂ-ਤਿਉਂ ਅਜੇਹੇ ਸਿਰਲੇਖ ਸਾਨੂੰ ਆਮ ਹੀ ਮਿਲਣਗੇ। ਕਿਸੇ ਇੱਕ ਸਾਰ ਨਿਯਮ ਦੀ ਪਾਲਣਾ ਨਜ਼ਰ ਨਹੀਂ ਆਉਂਦੀ।

ਇਥੋਂ ਤਾਈਂ ਤਾਂ ਸਾਰੇ ਇੱਕ ਮੱਤ ਹਨ ਕਿ, '੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥' ਇਹ ਗੁਰੂ ਨਾਨਕ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ ਨਾਕਿ ਸਤਿਕਾਰ ਯੋਗ ਭਗਤਾਂ ਜਾਂ ਭੱਟਾਂ ਦਾ। ਗੁਰੂ ਜੀ ਨੇ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਣੀ ਨੂੰ ਦਰਜ ਕਰਨ ਵੇਲੇ ਹਰੇਕ ਭਗਤ ਜੀ ਦੀ ਬਾਣੀ ਤੋਂ ਪਹਿਲਾਂ ਮੰਗਲ ਦਰਜ ਕੀਤਾ ਸੀ। ਪਰ ਜਦੋਂ ਅਸੀਂ ਭਗਤਾਂ ਦੀ ਬਾਣੀ ਦੇ ਦਰਸ਼ਨ ਕਰਦੇ ਹਾਂ ਤਾਂ ਇਹ ਗਿਆਨ ਹੁੰਦਾ ਹੈ ਕੇ ਉਤਾਰੇ ਕਰਨ ਵਾਲਿਆਂ ਨੇ ਬਾਣੀ ਦੀ ਲਿਖਣ ਸ਼ੈਲੀ ਨੂੰ ਸਮਝਣ ਤੋਂ ਬਗੈਰ ਹੀ ਮੰਗਲ ਨੂੰ ਅਸਲ ਥਾਂ ਤੋਂ ਬਦਲ ਦਿੱਤਾ ਹੈ ਜਿਸ ਤੋਂ ਇਹ ਭੁਲੇਖਾ ਪੈਂਦਾ ਹੈ ਕਿ ਮੰਗਲ ਭਗਤ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇੱਕੋ ਪੰਨੇ ਉਪਰ ਹੀ ਮੰਗਲ ਨੂੰ ਵੱਖ ਵੱਖ ਤਰੀਕੇ ਨਾਲ ਲਿਖੇ ਹੋਣ ਦੀ ਉਦਾਹਰਣ ਵੇਖੋ:

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ ੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥ ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥ (345)


ਪਰ ਇਸੇ ਹੀ ਪੰਨੇ ਤੇ ਭਗਤ ਰਵਿਦਾਸ ਜੀ ਦਾ ਹੀ ਅਗਲਾ ਸ਼ਬਦ ਵੇਖੋ, ਇਥੇ ਮੰਗਲ ਸ਼ਬਦ ਤੋਂ ਪਹਿਲਾਂ, ਠੀਕ ਅਸਥਾਨ 'ਤੇ ਹੈ।


੧ੴ ਸਤਿਗੁਰ ਪ੍ਰਸਾਦਿ॥ ਗਉੜੀ ਬੈਰਾਗਣਿ ਰਵਿਦਾਸ ਜੀਉ॥ ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥ (345)

ਅਗਲੇ ਸ਼ਬਦ ਵਿੱਚ ਮੰਗਲ ਫੇਰ ਰਾਗ ਤੋਂ ਪਿਛੋਂ ਹੈ।

ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ ੧ੴ ਸਤਿਗੁਰ ਪ੍ਰਸਾਦਿ ॥ ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥ {ਪੰਨਾ 345}

ਸਭ ਤੋਂ ਜਰੂਰੀ ਨੁਕਤਾ;







੧੪

੧ਓ ਸਤਿਗੁਰ ਪ੍ਰਸਾਦਿ ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ


ਹੱਥ ਲਿਖਤ ਬੀੜਾਂ ਵਿੱਚ ਸਭ ਤੋਂ ਪਹਿਲੇ ਰਾਗ 'ਸਿਰੀਰਾਗ' ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਦਰਜ ਹੈ ਪਰ ਛਾਪੇ ਦੀ ਬੀੜ ਵਿੱਚ ਸੰਖੇਪ, ਅਜੇਹਾ ਕਿਉਂ? ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਰੇ ਰਾਗਾਂ ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਦਰਜ ਹੈ। ਸਿਰਫ 'ਸਿਰੀਰਾਗ' ਦੇ ਆਰੰਭ ਵਿੱਚ ਸੰਖੇਪ ਮੂਲ ਮੰਤਰ ਦਰਜ ਹੈ। ਕੀ ਇਸ ਬਾਰੇ ਮੁੜ ਵਿਚਾਰ ਨਹੀਂ ਹੋਣੀ ਚਾਹੀਦੀ?


੯੪

੧ੴ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ॥

ਰਾਗੁਮਾਝਚਉਪਦੇਘਰੁ ੧ ਮਹਲਾ ੪

ਹਰਿਹਰਿਨਾਮੁਮੈਹਰਿਮਨਿਭਾਇਆ॥ ਵਡਭਾਗੀਹਰਿਨਾਮੁਧਿਆਇਆ॥ ਗੁਰਿਪੂਰੈਹਰਿਨਾਮਸਿਧਿਪਾਈਕੋ
ਵਿਰਲਾਗੁਰਮਤਿਚਲੈਜੀਉ॥੧॥ ਮੈਹਰਿਹਰਿਖਰਚੁਲਇਆਬੰਨਿਪਲੈ॥ਮੇਰਾਪ੍ਰਾਣਸਖਾਈਸਦਾਨਾਲਿਚਲੈ॥


੯੪

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪

੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥ ਗੁਰਿ ਪੂਰੈ ਹਰਿ ਨਾਮ ਸਿਧਿ ਪਾਈ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਜਦੋਂ 1953-57 ਈ: ਵਿੱਚ ਕਈ ਮੀਟਿੰਗਾਂ ਵਿੱਚ ਮਤੇ ਪਾਸ ਕਰਕੇ (ਮਤਾ ਨੰ: ੧੪੩੪ ਮਿਤੀ ੨੦-੭-੫੩, ੧੭੨੨ ਮਿਤੀ ੩੦-੧੧-੫੩, ੮੯ ਮਿਤੀ ੩੧-੧-੫੪, ੧੫ ਮਿਤੀ ੧੭-੨-੫੭ ਆਦਿ) ਇਹ ਫੈਸਲਾ ਕੀਤਾ ਸੀ ਕਿ ਮੰਗਲ ਪਹਿਲਾ ਹੋਣੇ ਚਾਹੀਦੇ ਹਨ, ਅਤੇ ਇਸ ਫੈਸਲੇ ਤੇ ਅਮਲ ਕਰਦੇ ਹੋਏ ਬੀੜਾਂ ਛਾਪੀਆਂ ਵੀ ਸਨ। ਤਾਂ ਕੀ ਕਾਰਨ ਹੈ ਕਿ ਇਹ ਫੈਸਲਾ ਵਾਪਸ ਲੈਣਾ ਪਿਆ ਅਤੇ ਮੁੜ ਮੰਗਲ ਅੱਗੜ-ਪਿੱਛੜ ਕਰ ਦਿੱਤੇ ਗਏ? ਕੀ ਸ਼੍ਰੋਮਣੀ ਕਮੇਟੀ ਇਹ ਫੈਸਲਾ ਵਾਪਸ ਲੈਣ ਦੇ ਕਾਰਨਾਂ ਦੀ, ਜਾਂ ਉਸ ਵੇਲੇ ਹੋਈਆਂ ਮੀਟਿੰਗਾਂ ਦੀ ਕਾਰਵਾਈ ਜੰਤਕ ਕਰੇਗੀ?

੧੧੯੭

ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧

## ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ ਰਹਾਉ ॥ ਪੂਰਨ

ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ ॥੪॥੩॥

ਸਾਰੰਗ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥ ਮਿਲਿ ਸਤਸੰਗਤਿ ਪਰਮ ਪਦੁ ਪਾਇਆ ਆਤਮ ਰਾਮੁ ਰਹਿਆ ਭਰਪੂਰਿ ॥੧॥

ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ ॥੪॥੬॥

ਸਾਰਗ ਮਹਲਾ ੪ ਘਰੁ ੩ ਦੁਪਦਾ ੧ੴ ਸਤਿਗੁਰ ਪ੍ਰਸਾਦਿ ॥

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥

ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ ੧ੴ ਸਤਿਗੁਰ ਪ੍ਰਸਾਦਿ ॥

ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ

ਅੰਗੁ ਕੀਆ ਮੇਰੈ ਰਾਮ ਰਾਇ ਦੁਸਮਨ ਦੂਖ ਗਏ ਸਭਿ ਭਗੇ ॥੨॥੬॥੧੩॥

ਸਾਰੰਗ ਮਹਲਾ ੫ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਸਤਿਗੁਰ ਮੂਰਤਿ ਕਉ ਬਲਿ ਜਾਉ ॥ ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ ॥੧॥

ਇਸ ਫ਼ੋਟੋ ਨੂੰ ਧਿਆਨ ਨਾਲ ਵੇਖੋ, ਰਾਗ ਦੇ ਆਰੰਭ ਵਿੱਚ 'ਸਾਰਗ' ਲਿਖਿਆ ਹੋਇਆ ਹੈ। ਅੱਗੇ ਸਾਰੰਗ ਮਹਲਾ ੪, ਅੱਗੇ ਸਾਰਗ ਮਹਲਾ ੪ ਅਤੇ ਉਸ ਤੋਂ ਅੱਗੇ ਸਾਰੰਗ ਮਹਲਾ ੫ ਲਿਖਿਆ ਹੋਇਆ ਹੈ। ਸਾਰਗ 161 ਵਾਰੀ ਆਉਂਦਾ ਹੈ ਅਤੇ ਸਾਰੰਗ 16 ਵਾਰ। ਕੀ ਇਹ ਵਿਚਾਰ ਨਹੀਂ ਹੋਣੀ ਚਾਹੀਦੀ ਕਿ 'ਸਾਰੰਗ' ਟਿੱਪੀ ਨਾਲ ਹੋਣਾ ਚਾਹੀਦਾ ਹੈ ਜਾਂ 'ਸਾਰਗ' ਬਿਨਾ ਟਿੱਪੀ ਤੋਂ?

(੪੦) ਗੁਰਬਾਣੀ ਪਾਠ ਨਿਰਣਯ

| ਪੰਨਾ | ਸਤ | ਸ੍ਰੀ ਦਮਦਮੀ ਬੀੜ ਦੇ ਲਿਖਤੀ ਤੇ ਛਾਪੇ ਦੇ ਪ੍ਰਚੱਲਤ ਪਾਠ | ਸ੍ਰੀ ਕਰਤਾਰਪੁਰੀ ਬੀੜ ਲਿਖਤੀ ਪਾਠ |
|---|---|---|---|
| ੯੬੫ | ੮ | ਮਹਲਾ ੫ | ਮਹਲ ੫ |
| ੯੬੮ | ੬ | ਕਿਆ ਸਾਲਾਹੀ | ਕਿਅ |
| ੯੬੮ | ੧੨ | ਗੁਰੁ ਅਮਰੁ ਤੂ | ਅਮਰੂ |
| ੯੬੮ | ੧੬ | ਦੂਣੀ ਚਉਣੀ ਕਰਾਮਾਤਿ | ਦੂਣੀ ਚਊਣੀ |
| ੯੮੩ | ੮ | ॥੧॥ਰਹਾਉ॥ | ॥ਰਹਾਉ॥ |

ਇਤਿਆਦਿਕ ਕ੍ਰੀਬਨ ਪੰਦ੍ਰਾਂ ਸੌ ਪਾਠ ਹਨ ਜੋ ਦਮਦਮੀ ਦੇ ਪਾਠਾਂ ਨਾਲ ਨਹੀਂ ਮਿਲਦੇ ।

ਸਤਿਗੁਰੂ ਜੀ ਵੱਲੋਂ ਪ੍ਰਵਾਨੀ ਗਈ ਬਾਣੀ ਲਿਖਣ ਦੀ ਤਰਤੀਬ ਨੂੰ ਜੇ ਕਿਸੇ ਨੇ ਜਾਣੇ-ਅਣਜਾਣੇ ਬਦਲ ਦਿੱਤਾ ਹੈ ਤਾਂ ਕਿਉ ਅੱਜ ਪੰਥਕ ਸਫ਼ਾ ਵਿਛਾਕੇ ਉਸ ਉੱਤੇ ਕਿਉਂ ਵੀਚਾਰ ਨਹੀਂ ਕੀਤੀ ਜਾ ਸਕਦੀ? ਦਮਦਮੀ ਟਕਸਾਲ ਵੱਲੋਂ ਵੀ ਗੁਰਬਾਣੀ ਪਾਠ ਦਰਸ਼ਨ ਵਿੱਚ ਇਹ ਅੰਕਿਤ ਹੈ ਕਿ "**ਇਤਿਆਦਿਕ ਕ੍ਰੀਬਨ 1500 ਪਾਠ ਹਨ ਜੋ ਦਮਦਮੀ ਦੇ ਪਾਠਾਂ ਨਾਲ ਨਹੀਂ ਮਿਲਦੇ**"।

ਆਓ ਹੇਠ ਲਿਖੀ ਪੰਗਤੀ ਨੂੰ ਧਿਆਨ ਨਾਲ ਪੜ੍ਹੀਏ।

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ {ਪੰਨਾ 1253}

ਇਸ ਪੰਗਤੀ ਤੋਂ ਕੀ ਸੇਧ ਮਿਲਦੀ ਹੈ? ਇਸ ਦਾ ਲੇਖਕ ਕੌਣ ਹੈ? ਇਸ ਪੰਗਤੀ ਨਾਲ ਸੰਬੰਧਿਤ ਬਾਕੀ ਸ਼ਬਦ ਕਿਉਂ ਨਹੀਂ ਲਿਖਿਆ ਗਿਆ? ਇਸ ਤੋਂ ਪਹਿਲੇ ਸ਼ਬਦ ਦੇ ਅਖੀਰ ਵਿੱਚ ਜੋੜ ਅੰਕ 6 ਹੈ ਅਤੇ ਇਸ ਤੋਂ ਅਗਲੇ ਸ਼ਬਦ ਦਾ ਅੰਕ 8, ਕੀ ਇਸ ਸ਼ਬਦ ਦਾ ਅੰਕ 7 ਤਾਂ ਨਹੀਂ ਹੈ?

ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਵਿਦਵਾਨਾਂ ਰਾਹੀਂ ਕਰਵਾਏ ਗਏ ਖੋਜ ਕਾਰਜ ਨੂੰ "ਪਾਠ ਭੇਦਾਂ ਦੀ ਸੂਚੀ" ਦੇ ਨਾਮ ਹੇਠ 1977 ਈ: ਛਾਪਿਆ ਗਿਆ ਸੀ। ਉਪ੍ਰੋਕਤ ਪੰਗਤੀ ਬਾਰੇ ਇਸ ਕਿਤਾਬ ਦੇ ਪੰਨਾ 661 ਉੱਪਰ ਖੋਜੀ ਵਿਦਵਾਨਾਂ ਨੇ ਆਪਣੀ ਰਾਏ ਲਿਖੀ ਹੈ। ਪਿਛਲੇ 45 ਸਾਲਾਂ ਵਿੱਚ ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਕੀ ਕਾਰਵਾਈ ਕੀਤੀ ਹੈ?

ਰਾਗਮਾਲਾ-ਸਿਖ ਰਹਿਤ ਮਰਯਾਦਾ ਵਿੱਚ ਪੰਨਾ 18 ਉਪਰ ਦਰਜ ਹੈ,

(ੳ) "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਹਿਜ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗ ਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਇਸ ਗੱਲ ਬਾਬਤ ਪੰਥ 'ਚ ਅਜੇ ਮਤ ਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ"।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਜਿਹਾ ਫੈਸਲਾ ਸਾਨੂੰ ਕੀ ਸੇਧ ਦਿੰਦਾ ਹੈ? ਇਸ ਵਿਵਾਦ ਪੂਰਨ ਫੈਸਲੇ ਦੀ ਥਾਂ ਸਪੱਸ਼ਟ ਫੈਸਲਾ ਲੈਣ ਲਈ ਸਾਨੂੰ ਅਜੇ ਹੋਰ ਕਿੰਨੇ ਦਹਾਕੇ ਉਡੀਕਣਾ ਪਵੇਗਾ?

ਉਪ੍ਰੋਕਤ ਵਿਚਾਰੇ ਗਏ ਨੁਕਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਦਰੂਨੀ ਲਿਖਤ ’ਤੇ ਅਧਾਰਿਤ ਹਨ। ਇਸ ਲੇਖ ਦਾ ਮੰਤਵ ਕੁਝ ਇੱਕ ਜ਼ਰੂਰੀ ਨੁਕਤੇ ਵਿਦਵਾਨਾਂ ਦੇ ਧਿਆਨ ਵਿੱਚ ਲਿਆਉਣਾ ਹੈ ਨਾਕਿ ਕੋਈ ਨਿੱਜੀ ਫੈਸਲਾ। ਕੀ ਇਹ ਅਤੇ ਅਜੇਹੀਆਂ ਹੋਰ ਭੁੱਲਾਂ, ਜੋ ਹੱਥੀਂ ਉਤਾਰੇ ਕਰਨ ਵੇਲੇ ਅਤੇ ਛਾਪੇ ਖ਼ਾਨੇ ਵਾਲਿਆਂ ਵੱਲੋਂ ਅਣਜਾਣੇ ਵਿੱਚ ਹੀ ਜਾਂ ਆਪੇ ਆਪਣੀ ਸੂਝ ਵਰਤਣ ਕਾਰਨ ਹੋ ਗਈਆਂ ਹਨ, ਨੂੰ ਸੁਧਾਰ ਨਹੀਂ ਲੈਣਾ ਚਾਹੀਦਾ? ਅੱਜ ਸਾਡੇ ਪਾਸ ਬੇਅੰਤ ਸਾਧਨ ਹਨ ਕੀ ਇਹਨਾਂ ਦੀ ਵਰਤੋਂ ਕਰਕੇ ਸਾਨੂੰ ਇਹ ਮਸਲਾ ਸਦਾ ਲਈ ਨਜਿੱਠ ਨਹੀਂ ਲੈਣਾ ਚਾਹੀਦਾ? ਕਿਉਂ ਨਹੀਂ ਵਿਦਵਾਨ ਗੁਰਮਤਿ ਜੁਗਤਿ ਅਨੁਸਾਰ ਸਿਰ ਜੋੜ ਕੇ ਬੈਠਦੇ?

ਅਖੀਰ ਵਿੱਚ ਡਾ: ਗੁਰਸ਼ਰਨ ਜੀਤ ਸਿੰਘ ਦੇ ਸ਼ਬਦਾਂ ’ਚ ਬੇਨਤੀ, “ਇਸ ਤੋਂ ਪਹਿਲਾਂ ਕਿ ਬਿਗਾਨੇ ਸਾਡੇ ਧਰਮ-ਗ੍ਰੰਥ ਉੱਪਰ ਉਂਗਲ ਉਠਾਉਣ, ਸਾਨੂੰ ਪੰਥਕ ਤੌਰ ’ਤੇ ਯਤਨ ਕਰਕੇ ਐਸੇ ਪਾਠ-ਭੇਦਾਂ ਨੂੰ ਠੀਕ ਕਰ ਲੈਣਾ ਚਾਹੀਦਾ ਹੈ। ਇਸ ਵਿੱਚ ਨਾਂ ਤਾਂ ਮਿਹਣੇ ਵਾਲੀ ਅਤੇ ਨਾਂ ਹੀ ਸ਼ਰਮ ਵਾਲੀ ਗੱਲ ਹੈ। ਸਭ ਧਰਮ ਗ੍ਰੰਥ ਸਮੇਂ ਦੇ ਨਾਲ ਦੂਸ਼ਿਤ ਹੁੰਦੇ ਆਏ ਹਨ। ਸੂਝਵਾਨ ਕੌਮਾਂ ਚਾਰ ਸਦੀਆਂ ਤੀਕ ਅਜਿਹੇ ਗੰਭੀਰ ਕੰਮ ਕਰਨ ਲਈ ਇੰਤਜ਼ਾਰ ਨਹੀਂ ਕਰਦੀਆਂ। ਹੱਠ ਛੱਡ ਕੇ ਆਪਣੀ ਸੋਚ ਨੂੰ ਖੁੱਲ੍ਹਾ ਕਰਨ ਨਾਲ ਮਸਲੇ ਹੱਲ ਹੋ ਸਕਦੇ ਹਨ। ਵਿਦਵਾਨਾਂ ਨੂੰ ਨਿੰਦਣ ਨਾਲ ਕੋਈ ਫਾਇਦਾ ਨਹੀਂ” (ਗੁਰੂ ਗ੍ਰੰਥ ਸਾਹਿਬ: ਪਰੰਪਰਾ ਅਤੇ ਇਤਿਹਾਸ, ਪੰਨਾ 200)